# ਡਾਇਰੈਕਟਰ ਜਨਰਲ ਸਕੂਲ ਸਿੱਖਿਆ -ਕਮ- ਸਟੇਟ ਪ੍ਰੋਜੈਕਟ ਡਾਇਰੈਕਟਰ

## ਦਫਤਰ ਸਮਗਰਾ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

**ਪੰਜਾਬ ਸਕੂਲ ਸਿੱਖਿਆ ਬੋਰਡ, ਈ-ਬਲਾਕ, ਪੰਜਵੀਂ ਮੰਜ਼ਿਲ, ਫੇਜ਼-8, ਐਸ.ਏ.ਐਸ. ਨਗਰ**

**Email - hrpunjab@punjabeducation.gov.in**

ਵੱਲ

**ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ.), ਪੰਜਾਬ**
**ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ**
**ਸਮੂਹ ਸਕੂਲ ਮੁੱਖੀ (ਵੈਬਸਾਈਟ ਰਾਹੀਂ)**

ਮੀਮੋ ਨੰ : ਸਸਅ/ਐਚ.ਆਰ./2019/ 399104 – 25
ਮਿਤੀ : 25/11/2019

**ਵਿਸ਼ਾ : ਸਾਲ 2019-20 ਦੀ ਸਲਾਨਾ ਯੋਜਨਾ ਤਿਆਰ ਕਰਨ ਵਾਸਤੇ ਪੰਜਾਬ ਰਾਜ ਵਿੱਚ 6-14 ਸਾਲ ਦੇ ਸਕੂਲੋਂ ਵਿਰਵੇਂ ਬੱਚਿਆਂ (Out of School Children) ਦੀ ਸ਼ਨਾਖਤ ਕਰਨ ਲਈ ਘਰੋਂ-ਘਰੀ ਸਿਖਿਆ ਸਰਵੇਖਣ ਕਰਵਾਉਣ ਸਬੰਧੀ ਦਿਸ਼ਾ ਨਿਰਦੇਸ਼।**

ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਸਕੂਲੋਂ ਵੇਰਵੇ ਬੱਚਿਆਂ ਦੀ ਸ਼ਿਨਾਖਤ ਕਰਨ ਲਈ ਘਰੋਂ-ਘਰੀ ਸਿੱਖਿਆ ਸਰਵੇਖਣ ਨਵੰਬਰ ਮਹੀਨੇ ਵਿੱਚ ਕਰਵਾਇਆ ਜਾਣਾ ਹੈ ਜਿਸ ਦੀਆਂ ਹਦਾਇਤਾਂ ਹੇਠ ਲਿਖੇ ਅਨੁਸਾਰ ਹਨ :

1.0 ਸਕੂਲੋਂ ਵੇਰਵੇ ਬੱਚਿਆਂ ਦੀ ਸ਼ਨਾਖਤ ਕਰਨ ਲਈ ਸਿੱਖਿਆ ਦੇ ਅਧਿਕਾਰ ਐਕਟ 2009 ਤਹਿਤ ਸਰਕਾਰ ਵੱਲੋਂ ਹਰੇਕ 6 ਤੋਂ 14 ਸਾਲ ਦੀ ਉਮਰ ਗੁੱਟ ਦੇ ਬੱਚਿਆਂ ਨੂੰ ਸਕੂਲ ਵਿੱਚ ਲਿਆਉਣਾ ਤੇ ਉਸ ਨੂੰ ਅੱਠਵੀਂ ਜਮਾਤ ਤੱਕ ਮੁਫਤ ਸਿੱਖਿਆ ਦੇਣਾ ਲਾਜ਼ਮੀ ਹੈ।

2.0 ਇਸ ਐਕਟ ਅਧੀਨ ਰਾਜ ਸਰਕਾਰ, ਲੋਕਲ ਅਥਾਰਟੀ ਜਾਂ ਐਸ.ਐਮ. ਸੀ ਅਤੇ ਸੰਸਥਾ (ਸਕੂਲ) ਦੇ ਮੁੱਖੀ ਦੀ ਡਿਊਟੀ ਹੈ ਕਿ ਉਹਨਾਂ ਦੇ ਖੇਤਰ ਵਿਚ ਕੋਈ ਵੀ 6 ਤੋਂ 14 ਸਾਲ ਦਾ ਬੱਚਾ ਸਕੂਲ ਤੋਂ ਬਾਹਰ ਨਾ ਰਹੇ। ਇਸੇ ਸੰਦਰਭ ਵਿਚ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਵਲੋਂ ਸਕੂਲੋਂ ਵਿਰਵੇਂ ਬੱਚਿਆਂ ਨੂੰ ਸਕੂਲਾਂ ਵਿਚ ਦਾਖਲ ਕਰਨ ਲਈ ਘਰੋਂ-ਘਰੀ ਸਿੱਖਿਆ ਸਰਵੇਖਣ ਕਰਵਾ ਕੇ ਇੱਕ ਵਿਸ਼ੇਸ਼ ਮੁਹਿਮ ਚਲਾਈ ਜਾਣੀ ਹੈ ਜਿਸ ਤਹਿਤ ਹਰੇਕ ਖੇਤਰ ਦੇ ਪਿੰਡ/ਵਾਰਡ ਵਿਚਲੇ ਜਾਂ ਇਹਨਾਂ ਦੇ ਆਲੇ ਦੁਆਲੇ ਦੀ ਢਾਣੀਆਂ, ਭੱਠਿਆਂ, ਰੇਲਵੇ ਸਟੇਸ਼ਨਾਂ, ਬੱਸ ਸਟੈਡ, ਨਵੀਆਂ ਉਸਾਰੀਆਂ ਵਿਚ ਕੰਮ ਕਰਦੇ, rag picker, ਪ੍ਰਵਾਸੀ ਅਤੇ ਝੁੱਗੀ ਝੋਪੜੀਆਂ ਵਿਚ ਰਹਿੰਦੇ ਸਕੂਲੋ ਵਿਰਵੇਂ ਬੱਚਿਆਂ ਦਾ ਵੇਰਵੇਂ ਇੱਕਤਰ ਕੀਤੇ ਜਾਣਗੇ।

3.0 ਇਹ ਸਰਵੇਖਣ ਈ.ਟੀ.ਟੀ. ਸਿਖਿਆਰਥੀ ਜਿਹੜੇ ਹਰੇਕ ਖੇਤਰ ਵਿੱਚ ਪੈਂਦੇ ਪ੍ਰਾਇਮਰੀ ਸਕੂਲਾਂ ਵਿੱਚ ਟੀਚਿੰਗ ਪਰੈਕਟਿਸ ਕਰ ਰਹੇ ਹਨ ਉਹਨਾਂ ਤੋਂ ਕਰਵਾਈ ਜਾਵੇਗੀ।

ਸਰਵੇਖਣ ਦੌਰਾਨ ਸ਼ਨਾਖਤ ਕੀਤੇ ਗਏ ਬੱਚਿਆਂ ਦੀ ਸੂਚਨਾ **ਲਾਜ਼ਮੀ ਸਿੱਖਿਆ ਰਜਿਸਟਰ ਅਤੇ ਪੇਂਡੂ ਸਿੱਖਿਆ ਰਜਿਸਟਰ/ਵਾਰਡ ਸਿੱਖਿਆ ਰਜਿਸਟਰ** ਵਿਚ ਇੰਦਰਾਜ ਕੀਤਾ ਜਾਵੇ ਤਾਂ ਕਿ ਇਹਨਾਂ ਰਜਿਸਟਰਾਂ ਵਿਚ ਇੰਦਰਾਜ ਕੀਤੇ ਗਏ ਬੱਚਿਆਂ ਦੀ ਵੈਰੀਫੀਕੇਸ਼ਨ ਸਮੇਂ-ਸਮੇਂ ਸਿਰ ਕੀਤੀ ਜਾ ਸਕੇ।

ਘਰੋਂ-ਘਰੀ ਸਿੱਖਿਆ ਸਰਵੇਖਣ ਕਰਵਾਉਣ ਲਈ ਦਿਸ਼ਾ ਨਿਰਦੇਸ਼ ਹੇਠ ਅਨੁਸਾਰ ਹਨ:

**III. ਸਰਵੇਖਣ ਕਰਤਾ ਈ.ਟੀ.ਟੀ. ਸਿਖਿਆਰਥੀ ਅਤੇ ਸਕੂਲ ਅਧਿਆਪਕਾਂ ਲਈ ਦਿਸ਼ਾ ਨਿਰਦੇਸ਼:**

1) ਹਰੇਕ ਸ.ਪ੍ਰ.ਸ/ਸ.ਮਿ.ਸ/ਸ.ਹ.ਸ/ਸ.ਸ.ਸ.ਸ ਦੇ ਸਬੰਧਤ ਸਰਵੇਖਣ ਕਰਤਾ ਈ.ਟੀ.ਟੀ. ਵਿਦਿਆਰਥੀ ਵਲੋਂ ਇਹ ਸਪੈਸ਼ਲ ਸਰਵੇਖਣ ਉਸੇ ਪਿੰਡ/ਵਾਰਡ ਵਿਚ ਕੀਤਾ ਜਾਵੇਗਾ ਜਿਥੇ ਉਹ ਤਾਇਨਾਤ ਹਨ।
2) ਇਸ ਸਰਵੇਖਣ ਵਿਚ 6 ਤੋਂ 14 ਸਾਲ ਤੱਕ ਦੇ ਸਕੂਲੋਂ ਵਿਰਵੇ ਬੱਚਿਆਂ ਨੂੰ ਸ਼ਾਮਲ ਕੀਤਾ ਜਾਵੇਗਾ ਖਾਸ ਕਰਕੇ ਉਹ ਬੱਚੇ (ਖਾਸ ਕਰਕੇ ਕੁੜੀਆਂ) ਜਿਹੜੇ ਕਿ ਖੇਤਾਂ ਵਿਚਲੇ ਘਰ, ਭੱਠਿਆਂ, ਰੇਲਵੇ ਸਟੇਸ਼ਨਾਂ, ਬੱਸ ਸਟੈਡ, ਝੁੱਗੀ ਝੋਪੜੀਆਂ ਆਦਿ ਵਿਚ ਰਹਿੰਦੇ ਹਨ ਜਾਂ ਨਵੀਆਂ ਉਸਾਰੀਆਂ ਵਾਲੀਆਂ ਥਾਵਾਂ ਤੇ ਅਤੇ ਜਾਂ ਘਰਾਂ 'ਚ ਕੰਮ ਕਰਦੇ ਹਨ।ਇਸ ਦੇ ਨਾਲ ਹੀ ਪਿੰਡ/ਇਲਾਕੇ ਦੇ ਸਕੂਲੋ ਵਿਰਵੇ ਬਾਕੀ ਬੱਚਿਆਂ ਨੂੰ ਸਰਵੇ ਵਿੱਚ ਸ਼ਾਮਿਲ ਕੀਤਾ ਜਾਵੇਗਾ।

3) ਸਰਵੇਖਣ ਦੌਰਾਨ ਕੇਵਲ ਉਹੀ ਬੱਚਾ ਸਕੂਲੋਂ ਵਿਰਵਾ ਮੰਨਿਆ ਜਾਵੇ ਜੋ ਕਿ ਕਦੇ ਵੀ ਕਿਸੇ ਵੀ ਸਕੂਲ ਵਿਚ ਦਾਖਲ ਨਾ ਹੋਇਆ ਹੋਵੇ ਭਾਵ Never enrolled ਹੋਵੇ ਜਾਂ ਫਿਰ ਸਕੂਲ ਦੀ ਪੜ੍ਹਾਈ ਅੱਧ ਵਿਚਕਾਰ ਛੱਡ ਗਿਆ ਹੋਵੇ ਭਾਵ Drop-out ਹੋਵੇ।

4) ਸਰਵੇਖਣ ਦੌਰਾਨ ਜੇਕਰ ਕੋਈ ਵੀ ਸਕੂਲੋਂ ਵਿਰਵਾ ਬੱਚਾ ਅੰਗਹੀਣ (Disabled) ਪਾਇਆ ਜਾਂਦਾ ਹੈ ਤਾਂ ਉਸਦੇ ਅੰਗਹੀਣ ਹੋਣ ਦਾ ਮੁੱਖ ਕਾਰਨ ਜਰੂਰ ਨੋਟ ਕੀਤਾ ਜਾਵੇ।

5) ਸਰਵੇਖਣ ਦੌਰਾਨ ਲੋੜ ਪੈਣ ਤੇ ਸਕੂਲ ਮੈਨਜ਼ਮੈਂਟ ਕਮੇਟੀ (SMC) ਦੇ ਮੈਬਰਾਂ ਦੀ ਵੀ ਮੱਦਦ ਲਈ ਜਾ ਸਕਦੀ ਹੈ।

6) ਸਰਵੇਖਣ ਸਬੰਧੀ ਸਮੂਹ ਕੰਮ-ਕਾਜ ਮਿਤੀ: 25/11/2019 ਤੋਂ 10/12/2019 ਤੱਕ ਮੁਕੰਮਲ ਕੀਤਾ ਜਾਵੇ।

7) ਇਹ ਸਰਵੇਖਣ ਈ.ਟੀ.ਟੀ. **ਸਿਖਿਆਰਥੀ** ਵੱਲੋਂ ਕੀਤਾ ਜਾਵੇਗਾ ਜਿੱਥੇ ਉਹ ਤਾਇਨਾਤ ਹਨ, ਪਰੰਤੂ ਜਿੱਥੇ ਈ.ਟੀ.ਟੀ. **ਸਿਖਿਆਰਥੀ** ਨਹੀਂ ਹਨ, ਉੱਥੇ ਦੇ ਨੇੜੇ ਸ.ਪ੍ਰ.ਸ/ਸ.ਮਿ.ਸ ਸ.ਹ.ਸ/ ਸ.ਸ.ਸ.ਸ ਦੇ ਈ.ਜੀ.ਐਸ./ਏ.ਆਈ.ਈ./ਐਸ,ਟੀ.ਆਰ. ਵਲੰਟੀਅਰਾਂ ਦੁਆਰਾ ਸਕੂਲ ਮੁੱਖੀ ਦੀ ਦੇਖ-ਰੇਖ ਹੇਠ ਕੀਤਾ ਜਾਵੇਗਾ।

## II. ਸਕੂਲ ਮੁੱਖੀ ਲਈ ਦਿਸ਼ਾ ਨਿਰਦੇਸ਼:

1) ਸਮੁੱਚਾ ਸਰਵੇਖਣ ਸਬੰਧਤ ਸ.ਪ੍ਰ.ਸ/ਸ.ਮਿ.ਸ/ਸ.ਹ.ਸ/ਸ.ਸ.ਸ.ਸ ਦੇ ਸਕੂਲ ਮੁੱਖੀ/**ਇੰਚਾਰਜ** ਦੀ ਦੇਖ ਰੇਖ ਹੇਠ ਹੋਵੇਗਾ।

2) ਸਬੰਧਤ ਸਕੂਲ ਮੁੱਖੀ ਵਲੋਂ ਸਬੰਧਤ ਸਰਵੇਖਣ ਕਰਤਾ ਈ.ਟੀ.ਟੀ. ਸਿਖਿਆਰਥੀ ਨੂੰ ਸਰਵੇਖਣ ਕਰਨ ਲਈ ਨਿਰਧਾਰਤ ਸਰਵੇਖਣ ਫਾਰਮ ਸਬੰਧਤ ਬੀ.ਪੀ.ਈ.ਓ. ਤੋਂ ਉਪਲਬਧ ਕਰਵਾ ਕੇ ਦੇਵੇਗਾ ਅਤੇ ਸਮੇਂ-ਸਮੇਂ ਤੇ ਸਬੰਧਤ ਸਰਵੇਖਣ ਕਰਤਾ ਈ.ਟੀ.ਟੀ. **ਸਿਖਿਆਰਥੀ** ਨੂੰ ਸਰਵੇਖਣ ਵਿਧੀ ਸਬੰਧੀ ਲੋੜੀਂਦੇ ਦਿਸ਼ਾ ਨਿਰਦੇਸ਼ ਵੀ ਮੁਹੱਈਆ ਕਰਵਾਏਗਾ।

3) ਸਬੰਧਤ ਸਕੂਲ ਮੁੱਖੀ ਸਬੰਧਤ ਸਰਵੇਖਣ ਕਰਤਾ ਈ.ਟੀ.ਟੀ. **ਸਿਖਿਆਰਥੀ** ਪਾਸੋਂ ਸਮੁੱਚੀ ਸਰਵੇਖਣ ਰਿਪੋਰਟ ਪ੍ਰਾਪਤ ਕਰਕੇ ਇਸ ਰਿਪੋਰਟ ਵਿਚ ਸ਼ਾਮਲ ਕੀਤੇ ਗਏ ਸਮੂਹ ਸਕੂਲੋਂ ਵਿਰਵੇ ਬੱਚਿਆਂ ਦਾ ਰਿਕਾਰਡ **ਲਾਜ਼ਮੀ/ਪੇਂਡੂ/ਵਾਰਡ ਸਿੱਖਿਆ ਰਜਿਸਟਰ** ਵਿਚ ਮਿਤੀ 16/12/2019 ਤੱਕ ਹਰ ਹਾਲਤ ਵਿਚ ਇੰਦਰਾਜ ਕਰੇਗਾ।

4) ਲਾਜ਼ਮੀ ਸਿੱਖਿਆ ਰਜਿਸਟਰ **ਅਤੇ ਪੇਂਡੂ ਸਿੱਖਿਆ ਰਜਿਸਟਰ** ਵਿਚ ਨਵੇਂ ਲੱਭੇ/ਸ਼ਨਾਖਤ ਕੀਤੇ ਸਕੂਲੋਂ ਵਿਰਵੇ ਬੱਚਿਆਂ ਦਾ ਵਰਤਮਾਨ ਸਟੇਟਸ ਵੀ ਰਜਿਸਟਰਾਂ ਵਿਚ ਇੰਦਰਾਜ ਕਰਨਾ ਹਰ ਸੀਨੀਅਰ ਸਕੈਡਰੀ/ ਹਾਈ ਸਕੂਲ/ ਐਲੀਮੈਂਟਰੀ ਸਕੂਲ ਦੇ ਮੁੱਖੀ ਦੀ ਨਿੱਜੀ ਜਿੰਮੇਵਾਰੀ ਹੋਵੇਗੀ।

5) ਜੇਕਰ ਕਿਸੇ ਵੀ ਸਕੂਲੋਂ ਵਿਰਵਾ ਬੱਚੇ ਦਾ **ਡਾਟਾ ਪੇਂਡੂ/ਵਾਰਡ ਸਿੱਖਿਆ ਰਜਿਸਟਰ** ਵਿਚ ਇੰਦਰਾਜ ਹੋਏ ਬਿਨ੍ਹਾ ਰਹਿ ਜਾਂਦਾ ਹੈ ਤਾਂ ਇਸ ਦੀ ਜਿੰਮੇਵਾਰੀ ਸਬੰਧਤ ਸਕੂਲ ਮੁੱਖੀ ਦੀ ਹੋਵੇਗੀ।

6) ਸਰਵੇਖਣ ਦੌਰਾਨ ਲੱਭੇ ਗਏ ਬੱਚਿਆਂ ਦੀ 10% ਸੈਂਪਲ ਚੈਕਿੰਗ ਕੱਲਸਟਰ ਪੱਧਰ ਤੇ ਸਬੰਧਤ ਪ੍ਰਿਸੀਪਲ, ਹੈਡ ਮਾਸਟਰ ਅਤੇ ਸੈਂਟਰ ਹੈਡ ਟੀਚਰ ਵਲੋਂ ਮਿਤੀ 18/12/2019 ਤੱਕ ਕੀਤੀ ਜਾਵੇਗੀ।

7) ਸਰਵੇਖਣ ਦੀ 10% ਸੈਂਪਲ ਚੈਕਿੰਗ ਹੋਣ ਤੋਂ ਬਾਅਦ ਸਬੰਧਤ ਸਕੂਲ ਮੁੱਖੀ ਉਹਨਾਂ ਦੇ ਖੇਤਰ ਵਿਚ ਸ਼ਨਾਖਤ ਕੀਤੇ ਗਏ ਬੱਚਿਆਂ ਦੀ ਸਮੂਹ ਸੂਚਨਾ ਇੱਕਤਰ ਕਰਕੇ ਆਪਣੇ ਬੀ.ਪੀ.ਈ.ਓ ਦਫ਼ਤਰ ਵਿਚ ਲੈਕੇ ਜਾਣਗੇ ਅਤੇ ਇਸ ਦਫ਼ਤਰ ਦੇ ਸਬੰਧਤ ਡਾਟਾ ਐਂਟਰੀ ਆਪਰੇਟਰ ਕਮ ਆਫਿਸ ਅਸਿਸਟੈਂਟ ਦੀਆਂ ਸੇਵਾਵਾਂ ਲੈ ਕੇ ਸਰਵੇਖਣ ਦੌਰਾਨ ਸ਼ਨਾਖਤ ਕੀਤੇ ਗਏ ਬੱਚਿਆਂ ਦੀ ਆਨ-ਲਾਈਨ (On-line) ਐਂਟਰੀ ਕਰਵਾਉਣਗੇ। ਬੱਚਿਆਂ ਦੀ ਆਨ-ਲਾਈਨ ਐਂਟਰੀ ਦਾ ਕੰਮ ਮਿਤੀ 19/12/2019 ਤੋਂ ਮਿਤੀ 24/12/2019 ਤੱਕ ਹਰ ਹਾਲਤ ਵਿਚ ਮੁਕੰਮਲ ਕੀਤਾ ਜਾਵੇਗਾ।

8) ਹਰੇਕ ਪ੍ਰਿਸੀਪਲ, ਹੈਡ ਮਾਸਟਰ ਅਤੇ ਐਲੀਮੈਂਟਰੀ ਸਕੂਲ ਮੁੱਖੀ ਸਬੰਧਤ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ(ਐ.ਸਿ) ਦੇ ਦਫ਼ਤਰ ਨੂੰ ਇਹ ਸਰਟੀਫ਼ਿਕੇਟ ਹਸਤਾਖਰ ਕਰਕੇ ਭੇਜੇਗਾ ਕਿ ਸਬੰਧਤ ਵਾਰਡ/ਪਿੰਡ ਵਿਚ 6 ਤੋਂ 14 ਸਾਲ ਦੀ ਉਮਰ ਦਾ ਕੋਈ ਵੀ ਬੱਚਾ ਸਕੂਲੋਂ ਵਿਰਵਾ ਬੱਚਾ ਸਰਵੇ ਵਿੱਚ ਕਵਰ ਕਰਨ ਤੋ ਨਹੀ ਰਿਹਾ।

## III. ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਲਈ ਦਿਸ਼ਾ ਨਿਰਦੇਸ਼:-

1) ਸਬੰਧਤ ਸਕੂਲ ਮੁੱਖੀਆਂ ਵੱਲੋਂ ਬੀ.ਪੀ.ਈ.ਓ ਦਫ਼ਤਰ ਵਿਖੇ ਇੱਕਤਰ ਕਰਕੇ ਲਿਆਂਦੀ ਗਈ ਸਕੂਲੋਂ ਵਿਰਵੇ ਬੱਚਿਆਂ ਦੀ ਸੂਚਨਾ ਅਨੁਸਾਰ ਸਮੂਹ ਬੱਚਿਆਂ ਦੀ ਆਨ-ਲਾਇਨ ਐਂਟਰੀ ਕਰਵਾਉਣ ਦੀ ਪੂਰੀ ਜਿੰਮੇਵਾਰੀ ਸਬੰਧਤ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਦੀ ਹੋਵੇਗੀ।

2) ਇਹ ਆਨ-ਲਾਇਨ ਐਂਟਰੀ ਲਈ ਸਬੰਧਤ ਬੀ.ਪੀ.ਈ.ਓ ਵਲੋਂ ਆਪਣੇ ਦਫ਼ਤਰ ਦੇ ਡਾਟਾ ਐਂਟਰੀ ਆਪਰੇਟਰ ਕਮ ਆਫਿਸ ਅਸਿਸਟੈਂਟ ਤੋ ਕਰਵਾਈ ਜਾਵੇਗੀ।

3) ਬੀ.ਪੀ.ਈ.ਓ ਦਫ਼ਤਰ ਦੇ ਡਾਟਾ ਐਂਟਰੀ ਆਪਰੇਟਰ ਕਮ ਆਫਿਸ ਅਸਿਸਟੈਂਟ ਨੂੰ ਮੁੱਖ ਦਫ਼ਤਰ ਵਲੋਂ ਤਿਆਰ ਕੀਤੇ ਗਏ ਸਾਫਟਵੇਅਰ ਵਿਚ ਸਕੂਲੋਂ ਵਿਰਵੇ ਬੱਚਿਆਂ ਦੀ ਆਨ-ਲਾਇਨ ਐਂਟਰੀ ਦੀ ਟ੍ਰੇਨਿੰਗ ਸਬੰਧਤ ਜ਼ਿਲ੍ਹਾ ਐਮ.ਆਈ.ਐਸ ਕੋਆਰਡੀਨੇਟਰ ਅਤੇ ਜ਼ਿਲ੍ਹਾ ਸਪੈਸ਼ਲ ਟ੍ਰੇਨਿੰਗ ਕੋਆਰਡੀਨੇਟਰ ਵਲੋਂ ਦਿੱਤੀ ਜਾਵੇਗੀ। ਹਰੇਕ ਜ਼ਿਲ੍ਹੇ ਦੇ ਹਰੇਕ ਬਲਾਕ ਦੇ ਬੀ.ਪੀ.ਈ.ਓ ਦਫ਼ਤਰ ਨੂੰ ਅਲੱਗ-ਅਲੱਗ Login-ID ਅਤੇ Password ਦਿੱਤਾ ਜਾਵੇਗਾ।

4) ਸਬੰਧਤ ਬਲਾਕ ਵਿਚ ਸ਼ਨਾਖਤ ਕੀਤੇ ਗਏ ਸਕੂਲੋਂ ਵਿਰਵੇ ਬੱਚਿਆਂ ਦੀ ਆਨ-ਲਾਈਨ ਐਂਟਰੀ ਦਾ ਕੰਮ ਸਬੰਧਤ ਬੀ.ਪੀ.ਈ.ਓ ਦਫ਼ਤਰ ਵਿਖੇ ਮਿਤੀ 19/12/2019 ਤੋਂ ਮਿਤੀ 24/12/2019 ਤੱਕ ਹਰ ਹਾਲਤ ਵਿਚ ਮੁਕੰਮਲ ਕੀਤਾ ਜਾਵੇਗਾ।

5) ਸ਼ਨਾਖਤ ਕੀਤੇ ਬੱਚਿਆ ਦੀ ਸਾਫਟਵੇਅਰ ਵਿਚ ਸਹੀ ਆਨ-ਲੈਇਨ ਐਂਟਰੀ ਕਰਵਾਉਣਾ ਅਤੇ ਪੂਰੇ ਆਨ-ਲਾਇਨ ਡਾਟੇ ਦੀ ਪੜਚੋਲ ਕਰਨ ਦੀ ਨਿਰੋਲ ਜਿੰਮੇਵਾਰੀ ਸਬੰਧਤ ਬੀ.ਪੀ.ਈ.ਓ ਦੀ ਹੋਵੇਗੀ।

6) ਸਰਵੇਖਣ ਦੌਰਾਨ ਸਬੰਧਤ ਬਲਾਕ ਵਿਚ ਸ਼ਨਾਖਤ ਕੀਤੇ ਗਏ ਸਕੂਲੋਂ ਵਿਰਵੇ ਬੱਚਿਆਂ ਦੀ 10% ਸੈਂਪਲ ਚੈਕਿੰਗ ਸਬੰਧਤ ਬੀ.ਪੀ.ਈ.ਓ. ਵਲੋਂ ਮਿਤੀ 26/12/2019 ਤੱਕ ਹਰ ਹਾਲਤ ਵਿਚ ਕਰ ਲਈ ਜਾਵੇ।

7) ਹਰੇਕ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਦੇ ਦਫ਼ਤਰ ਨੂੰ ਇਹ ਸਰਟੀਫ਼ਿਕੇਟ ਹਸਤਾਖਰ ਕਰਕੇ ਭੇਜੇਗਾ ਕਿ ਉਸਦੇ ਬਲਾਕ ਵਿਚ 6 ਤੋਂ 14 ਸਾਲ ਦੀ ਉਮਰ ਦਾ ਕੋਈ ਵੀ ਬੱਚਾ ਸਕੂਲੋਂ ਵਿਰਵਾ ਨਹੀਂ ਹੈ।

## IV. ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਲਈ ਦਿਸ਼ਾ ਨਿਰਦੇਸ਼:-

1) ਇਸ ਸਪੈਸ਼ਲ ਸਰਵੇਖਣ ਲਈ ਹਰੇਕ ਪਿੰਡ/ਵਾਰਡ ਵਿਚ 100 ਤੱਕ ਦੀ ਗਿਣਤੀ ਵਾਲੇ ਪਰਿਵਾਰਾਂ ਲਈ ਈ.ਟੀ.ਟੀ. ਸਿਖਿਆਰਥੀ ਅਤੇ ਇਸ ਤੋਂ ਵੱਧ ਗਿਣਤੀ ਵਾਲੇ ਪਰਿਵਾਰਾਂ ਵਾਲੇ ਪਿੰਡਾਂ/ਵਾਰਡਾਂ ਵਿਚ ਸਰੇਵਖਣ ਕਰਵਾਉਣ ਲਈ ਲੋੜ ਅਨੁਸਾਰ ਈ.ਟੀ.ਟੀ. ਸਿਖਿਆਰਥੀ ਤਾਇਨਾਤ ਕਰਨ ਦੀ ਨਿਰੋਲ ਜਿੰਮੇਵਾਰੀ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਦੀ ਹੋਵੇਗੀ।

2) ਜੇਕਰ ਕਿਸੇ ਵਾਰਡ/ਪਿੰਡ ਵਿਚ ਸਕੂਲ ਨਹੀਂ ਹੈ ਤਾਂ ਨਾਲ ਲਗਦੇ ਵਾਰਡ/ਪਿੰਡ ਦੇ ਈ.ਟੀ.ਟੀ. ਸਿਖਿਆਰਥੀ ਤੋਂ ਸਰਵੇਖਣ ਕਰਵਾਉਣ ਦੀ ਜਿੰਮੇਵਾਰੀ ਵੀ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਦੀ ਹੋਵੇਗੀ।

3) ਜੇਕਰ ਕੋਈ ਵੀ ਸ.ਪ੍ਰ.ਸ/ਸ.ਮਿ.ਸਸ/ਸ.ਹ./ਸ.ਸ.ਸ.ਸ ਕਿਸੇ ਵੀ ਵਾਰਡ/ਪਿੰਡ ਤੋਂ ਬਹੁਤ ਜ਼ਿਆਦਾ ਦੂਰੀ ਤੇ ਹਨ ਤਾਂ ਉਸ ਵਾਰਡ/ਪਿੰਡ ਵਿਚ ਸਰਵੇਖਣ ਕਰਵਾਉਣ ਲਈ ਸਬੰਧਤ ਸ.ਸ.ਸ.ਸ ਦੇ ਮੁੱਖ ਬੀ.ਪੀ.ਈ.ਓ. ਨਾਲ ਸਪੰਰਕ ਕਰਕੇ ਨਾਲ ਪੈਂਦੇ ਪਿੰਡ ਤੋਂ ਈ.ਟੀ.ਟੀ. ਸਿਖਿਆਰਥੀ ਨੂੰ ਤਾਇਨਾਤ ਕਰਨ ਦੀ ਜਿੰਮੇਵਾਰੀ ਸਬੰਧਤ ਸਕੂਲ ਮੁੱਖੀ ਦੀ ਹੋਵੇਗੀ।

4) ਸਕੂਲੋਂ ਵਿਰਵੇ ਬੱਚਿਆਂ ਦੀ ਸ਼ਨਾਖਤ ਲਈ ਸਰਵੇਖਣ ਦਾ ਕੰਮ ਠੀਕ ਰੂਪ ਵਿਚ ਅਤੇ ਵੇਲੇ ਸਿਰ ਕਰਵਾਉਣ ਦੀ ਸਾਰੀ ਜੁੰਮੇਵਾਰੀ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਦੀ ਹੋਵੇਗੀ।

5) **ਸਰਵੇਖਣ ਫਾਰਮੈਟਜ਼ ਅਤੇ ਸਮਰੀ ਫਾਰਮੈਟਜ਼ ਦੇ ਨਮੂਨੇ ਸਰਵ ਸਿੱਖਿਆ ਅਭਿਆਨ ਦੀ ਮੁੱਖ ਵੈਬਸਾਇਟ ਅਤੇ ਨੋਟਿਸ ਬੋਰਡ ਤੇ ਉਪਲਬਧ ਹੋਣਗੇ ਅਤੇ ਇਹ ਫਾਰਮੈਟਜ਼ ਇਸ ਕੰਪੋਨੈਂਟ ਦੀ ਈ-ਮੇਲ ਰਾਹੀਂ ਵੀ ਭੇਜੇ ਜਾਣਗੇ। ਸਮੂਹ ਸਪੈਸ਼ਲ ਟ੍ਰੇਨਿੰਗ ਕੋਆਰਡੀਨੇਟਰ ਇਹ ਫਾਰਮੈਟਜ਼ ਸਬੰਧਤ ਅਧਿਆਪਕਾਂ/ਸਰਵੇਖਣ ਕਰਤਾ ਨੂੰ ਉਪਲਬਧ ਕਰਵਾਉਣਾ ਯਕੀਨੀ ਬਣਾਉਣਗੇ। ਇਸ ਤੇ ਆਉਣ ਵਾਲਾ ਸਮੂਹ ਖਰਚਾ ਸਪੈਸ਼ਲ ਟ੍ਰੇਨਿੰਗ ਮੱਦ ਵਿਚੋਂ ਕੀਤਾ ਜਾਵੇਗਾ।**

6) ਹਰੇਕ ਜ਼ਿਲ੍ਹੇ ਦੇ ਸਮੂਚੇ ਪਿੰਡਾਂ/ਵਾਰਡਾਂ ਵਿਚ ਸਰਵੇਖਣ ਕਰਵਾਉਣ ਦਾ ਕੰਮ ਮਿਤੀ 26/12/2019 ਤੋਂ ਸ਼ੁਰੂ ਕਰਕੇ ਮਿਤੀ 31/12/2019 ਤੱਕ ਸਮਾਪਤ ਕੀਤਾ ਜਾਵੇਗਾ।

7) ਸਰਵੇਖਣ ਦੌਰਾਨ ਲੱਭੇ ਗਏ ਬੱਚਿਆਂ ਦੀ 10% ਸੈਂਪਲ ਚੈਕਿੰਗ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਅਤੇ ਜ਼ਿਲ੍ਹਾ ਕੋਆਰਡੀਨੇਟਰ ਵਲੋਂ ਮਿਤੀ 01/01/2020 ਤੱਕ ਹਰ ਹਾਲਤ ਵਿਚ ਕਰ ਲਈ ਜਾਵੇ।

8) ਸ਼ਨਾਖਤ ਕੀਤੇ ਗਏ ਸਕੂਲੋਂ ਵਿਰਵੇ ਬੱਚਿਆਂ ਦਾ ਬਲਾਕ ਵਾਈਜ਼ ਆਨ-ਲਾਇਨ ਡਾਟਾ ਸਬੰਧਤ ਬਲਾਕ ਤੋਂ ਕੰਪਿਊਟਰ ਦੀ ਆਨ-ਲਾਇਨ ਵਿੱਧੀ ਰਾਹੀਂ ਸਬੰਧਤ ਜ਼ਿਲ੍ਹੇ ਦੇ ਐਮ.ਆਈ.ਐਸ ਕੋਆਰਡੀਨੇਟਰ ਜਾਂ ਫਿਰ ਸਪੈਸ਼ਲ ਟ੍ਰੇਨਿੰਗ ਕੋਆਰਡੀਨੇਟਰ ਨੂੰ ਪੁੱਜਦਾ ਕੀਤਾ ਜਾਵੇਗਾ ਅਤੇ ਇਸ ਉਪਰੰਤ ਇਸੇ ਆਨ-ਲਾਇਨ ਵਿੱਧੀ ਰਾਹੀਂ ਸਮੂਹ ਜ਼ਿਲ੍ਹਿਆਂ ਵਿਚ ਸ਼ਨਾਖਤ ਕੀਤੇ ਗਏ ਸਮੂਹ ਸਕੂਲੋਂ ਵਿਰਵੇ ਬੱਚਿਆ ਦਾ ਡਾਟਾ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਵਲੋਂ ਮੁੱਖ ਦਫ਼ਤਰ ਨੂੰ ਪੁੱਜਦਾ ਕੀਤਾ ਜਾਵੇਗਾ।

9) ਹਰੇਕ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਮੁੱਖ ਦਫ਼ਤਰ ਨੂੰ ਮਿਤੀ 03/01/2020 ਤੱਕ ਇਹ ਸਰਟੀਫ਼ਿਕੇਟ ਹਸਤਾਖਰ ਕਰਕੇ ਭੇਜੇਗਾ ਕਿ ਉਸਦੇ ਜਿਲੇ ਵਿਚ 6 ਤੋਂ 14 ਸਾਲ ਦੀ ਉਮਰ ਦਾ ਕੋਈ ਸਕੂਲੋਂ ਵਿਰਵਾ ਬੱਚਾ ਸਰਵੇ ਵਿੱਚ ਆਉਣ ਤੋ ਨਹੀਂ ਰਹਿ ਗਿਆ। (ਇਸ ਸਰਟੀਫਿਕੇਟ ਦਾ ਨਮੂਨਾ ਅਤੇ ਨਿਰਧਾਰਤ ਫਾਰਮੈਟਸ ਨਾਲ ਨੱਥੀ ਕੀਤੇ ਗਏ ਹਨ)। ਇਹ ਫਾਰਮੈਟਸ ਸਬੰਧਿਤ ਅਧਿਕਾਰੀ ਨੂੰ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਉਪਲੰਬਧ ਕਰਵਾਉਣਗੇ।

ਇਸ ਸਪੈਸ਼ਲ ਸਰਵੇਖਣ ਦੇ ਸਮੂਹ ਰਿਕਾਰਡ ਨੂੰ ਮੇਨਟੇਨ ਕਰਨ ਦੀ ਜ਼ੁੰਮੇਵਾਰੀ ਸਬੰਧਤ ਪਿੰਡ/ਵਾਰਡ ਦੇ ਸੂਕਲ ਮੁੱਖੀ ਦੀ ਹੋਵੇਗੀ ਅਤੇ ਜੇਕਰ ਕਿਸੇ ਪਿੰਡ/ਵਾਰਡ ਵਿਚ ਇੱਕ ਤੋਂ ਵੱਧ ਸਕੂਲ ਪੈਂਦੇ ਹਨ ਤਾਂ ਸਰਵੇਖਣ ਦੇ ਰਿਕਾਰਡ ਨੂੰ ਮੇਨਟੇਨ ਕਰਨ ਸਬੰਧੀ ਫ਼ੈਸਲਾ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਵਲੋਂ ਕੀਤਾ ਜਾਵੇਗਾ।

ਸਪੈਸ਼ਲ ਸਰਵੇਖਣ ਦੀ ਸਮੂਹ ਪ੍ਰਕ੍ਰਿਆ ਨੂੰ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ.) ਆਪਸ ਵਿਚ ਤਾਲਮੇਲ ਕਰਕੇ ਸਮੇਂ ਸਿਰ ਨੇਪਰੇ ਚਾੜਨਗੇ।

ਦਿਸ਼ਾ ਨਿਰਦੇਸ਼ਾਂ ਦੀ ਕਾਪੀ ਅਤੇ ਸਰਵੇ ਸਬੰਧੀ ਪ੍ਰੋਫਾਰਮੇ ਸਰਵ ਸਿੱਖਿਆ ਅਭਿਆਨ, ਪੰਜਾਬ ਦੀ ਮੁੱਖ ਵੈਬ ਸਾਇਟ ssapunjab.org ਜਾਂ Notice Board ਤੋਂ ਡਾਉਨਲੋਡ ਕਰਕੇ ਅਗਲੇਰੀ ਲੋੜੀਂਦੀ ਕਾਰਵਾਈ ਕੀਤੀ ਜਾਵੇ।

ਉਕਤ ਅਨੁਸਾਰ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ ਜੀ।

**ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿੱ.),**
**ਪੰਜਾਬ।**

# ਸਰਵੇਖਣ ਦੀ ਸਮਰੀ

## (ਸਬੰਧਤ ਕਲਸਟਰ/ਬੀ.ਪੀ.ਈ.ਓ./ਜ਼ਿ.ਸਿੱ.ਅ.(ਐ.ਸਿੱ.) ਲਈ

**ਜ਼ਿਲ੍ਹਾ** **ਸਿੱਖਿਆ ਬਲਾਕ :** **ਸੀ.ਡੀ. ਬਲਾਕ :**

**ਪਿੰਡ/ਵਾਰਡ/ਕਸਬਾ :** **ਸਕੂਲ ਮੈਨਜਮੈਂਟ ਕਮੇਟੀ ਅਤੇ ਸਕੂਲ ਦਾ ਨਾਂ** **ਘਰੋਂ ਘਰੀ ਸਰਵੇਖਣ ਦੀ ਮਿਤੀ :**

**6-14 ਸਾਲ ਦੇ ਸਕੂਲੋਂ ਬਾਹਰ/ ਸਕੂਲੋਂ ਵਿਰਵੇਂ ਬੱਚਿਆਂ ਦੀ ਸੂਚਨਾਂ ਦਾ ਸਮੀਕਰਣ**

| ਲੜੀ ਨੰ: | | ਕੁੱਲ ਬੱਚੇ | | | ਕਦੇ ਵੀ ਸਕੂਲ ਵਿੱਚ ਦਾਖਲ ਨਹੀਂ ਹੋਏ | ਡਰਾਪ ਆਊਟਸ | ਪੱਕੇ ਵਸਨੀਕ | ਮਾਈਗ੍ਰੇਟ | ਪ੍ਰਾਈਵੇਟ ਸਕੂਲ ਵਿੱਚ ਦਾਖਲ ਹੋਏ | CWSN | | | | ਮੁਸਕਲ ਹਲਾਤਾਂ ਵਾਲੇ ਬੱਚੇ | | | | | | | | | ਜਨਰਲ/ਬੀ.ਸੀ. | | | ਐਸ.ਸੀ. | | | ਐਸ.ਟੀ. | | | ਮੁਸਲਿਮ | | |
|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|
| | | ਮੁੰਡੇ | ਕੁੜੀਆਂ | ਜੋੜ | | | | | | Ortho | Mental | Deaf and Dumb | Blind | ਭਿਖਾਰੀ | ਟੈਂਟ ਹਾਊਸ | ਸੱਲਮ ਏਰੀਆ | ਉਸਾਰੀ ਦੇ ਕੰਮ ਚ | ਰੇਲਵੇ ਸਟੇਸ਼ਨਾਂ ਤੇ ਰਹਿੰਦੇ | ਭੱਠਿਆਂ ਤੇ ਰਹਿੰਦੇ | ਅਨਾਥ | ਢਾਬਿਆਂ ਤੇ ਕੰਮ ਕਰਦੇ | ਸਪੇਸ਼ਲ ਹੋਮਜ਼ ਵਿੱਚ ਰਹਿੰਦੇ | ਮੁੰਡੇ | ਕੁੜੀਆਂ | ਜੋੜ | ਮੁੰਡੇ | ਕੁੜੀਆਂ | ਜੋੜ | ਮੁੰਡੇ | ਕੁੜੀਆਂ | ਜੋੜ | ਮੁੰਡੇ | ਕੁੜੀਆਂ | ਜੋੜ |
| 1 | ਸਕੂਲੋਂ ਬਾਹਰ 6 ਤੋਂ 7 ਸਾਲ ਦੇ ਬੱਚਿਆਂ ਦੀ ਕੁੱਲ ਗਿਣਤੀ | | | | | | | | | | | | | | | | | | | | | | | | | | | | | | | | | |
| 2 | ਸਕੂਲੋਂ ਬਾਹਰ 7 ਤੋਂ 10 ਸਾਲ ਦੇ ਬੱਚਿਆਂ ਦੀ ਕੁੱਲ ਗਿਣਤੀ | | | | | | | | | | | | | | | | | | | | | | | | | | | | | | | | | |
| 3 | ਸਕੂਲੋਂ ਬਾਹਰ 10 ਤੋਂ 14 ਸਾਲ ਦੇ ਬੱਚਿਆਂ ਦੀ ਕੁੱਲ ਗਿਣਤੀ | | | | | | | | | | | | | | | | | | | | | | | | | | | | | | | | | |
| ਕੁੱਲ ਗਿਣਤੀ | | | | | | | | | | | | | | | | | | | | | | | | | | | | | | | | | | |

-----------------------------------

ਸਕੂਲ ਮੁੱਖੀ/ਬੀ.ਪੀ.ਈ.ਓ./ਜ਼ਿ.ਸਿੱ.ਅ (ਐ.ਸਿੱ.) ਦੇ ਹਸਤਾਖਰ

# <u>ਲਾਜ਼ਮੀ ਤਾਲੀਮ ਦਾ ਘਰਵਾਰ ਵੇਰਵਾ</u>

| ਲੜੀ ਨੰ: | ਘਰ ਦਾ ਪਤਾ | ਪਰੀਵਾਰ ਦੇ ਮੁੱਖੀ ਦਾ ਵੇਰਵਾ | 6-14 ਸਾਲ ਦੇ ਬੱਚੇ | | | 6-14 ਸਾਲ ਦੇ ਬੱਚਿਆਂ ਦੇ ਨਾਮ | ਜਨਮ ਮਿਤੀ | ਉਮਰ ਗਰੁੱਪ | ਬੱਚੇ ਨਾਲ ਮੁੱਖੀ ਦਾ ਰਿਸ਼ਤਾ | ਸ਼੍ਰੈਣੀ (✓ ਜਾਂ × ਕਰੋ) | | | | | | ਵਿਸ਼ੇਸ਼ ਕਥਨ |
|---|---|---|---|---|---|---|---|---|---|---|---|---|---|---|---|---|
| | | | ਮੁੰਡੇ | ਕੁੜੀ | ਜੋੜ | | | | | ਜਨਰਲ | ਬੀ.ਸੀ. | ਐਸ.ਸੀ. | ਐਸ.ਟੀ. | ਮੁਸਲਿਮ | ਕੋਈ ਹੋਰ | |
| 1 | | | | | | | | | | | | | | | | |
| 2 | | | | | | | | | | | | | | | | |
| 3 | | | | | | | | | | | | | | | | |
| 4 | | | | | | | | | | | | | | | | |
| 5 | | | | | | | | | | | | | | | | |

## ਪ੍ਰੀ-ਪ੍ਰਾਇਮਰੀ ਜਮਾਤਾਂ ਦੀ ਗਿਣਤੀ ਵਧਾਉਣ ਸਬੰਧੀ (3-6 ਸਾਲ ਦੇ ਬੱਚੇ) ਦੀ ਸਰਵੇਖਣ ਸਮਰੀ

(ਈ.ਟੀ.ਟੀ. ਸਿਖਿਆਰਥੀ/ ਈ.ਜੀ.ਐਸ./ਏ.ਆਈ.ਈ./ਐਸ.ਟੀ.ਆਰ. ਵਲੰਟੀਅਰ/ਸਬੰਧਤ ਕਲਸਟਰ/ਬੀ.ਪੀ.ਈ.ਓ./ਜ਼ਿ.ਸਿੱ.ਅ.(ਐ.ਸਿੱ.) ਲਈ

ਜ਼ਿਲ੍ਹਾ ਸਿੱਖਿਆ ਬਲਾਕ : ਸੀ.ਡੀ. ਬਲਾਕ :

ਪਿੰਡ/ ਵਾਰਡ/ ਕਸਬਾ : ਸਕੂਲ ਮੈਨਜਮੈਂਟ ਕਮੇਟੀ ਅਤੇ ਸਕੂਲ ਦਾ ਨਾਂ ਘਰੋਂ ਘਰੀ ਸਰਵੇਖਣ ਦੀ ਮਿਤੀ :

3-6 ਸਾਲ ਦੇ ਸਕੂਲੋਂ ਵਿਰਵੇਂ ਬੱਚਿਆਂ/ ਪ੍ਰਾਇਵੇਟ ਸਕੂਲਾਂ ਵਿੱਚ ਪੜ੍ਹ ਰਹੇ ਬੱਚੇ/ ਅੰਗਣਵਾੜੀ ਵਿੱਚ ਪੜ੍ਹ ਰਹੇ ਬੱਚਿਆਂ ਦੀ ਸੂਚਨਾਂ

| ਲੜੀ ਨੰ: | ਉਮਰ ਗੁੱਟ | ਬੱਚੇ ਦਾ ਨਾਮ | ਪਿਤਾ ਦਾ ਨਾਮ | ਮਾਤਾ ਦਾ ਨਾਮ | ਫੋਨ ਨੰਬਰ | ਜਨਮ ਮਿਤੀ | ਉਮਰ | ਲਿੰਗ | | ਅਧਾਰ ਕਾਰਡ | ਕਿਥੇ ਹਨ (ਹਾਂ ਜਾਂ ਨਹੀਂ) | | | ਜਿਸ ਸਰਕਾਰੀ ਸਕੂਲ ਵਿੱਚ ਦਾਖਲ ਕਰਵਾਏ ਗਏ ਹਨ ਨਾਮ ਅਤੇ ਮਿਤੀ |
|---|---|---|---|---|---|---|---|---|---|---|---|---|---|---|
| 1. | 3-6 ਸਾਲ ਦੇ ਬੱਚਿਆਂ ਦੀ ਗਿਣਤੀ | | | | | | | ਮੁੰਡਾ | ਕੁੜੀ | | ਸਕੂਲੋਂ ਵਿਰਵੇ | ਅੰਗਣਵਾੜੀ | ਪ੍ਰਾਇਵੇਟ ਸਕੂਲ | |
| | | | | | | | | | | | | | | |
| | | | | | | | | | | | | | | |
| | | | | | | | | | | | | | | |
| | | | | | | | | | | | | | | |
| | | | | | | | | | | | | | | |

## ਸਾਲ 2019-20 ਦੇ ਸਕੂਲੋਂ ਬਾਹਰ/ ਸਕੂਲੋਂ ਵਿਰਵੇ ਬੱਚਿਆਂ ਲਈ ਘਰੋਂ ਘਰੀ ਸਿੱਖਿਆ ਸਰਵੇਖਣ ਕਰਵਾਉਣ ਲਈ ਪ੍ਰੋਫਾਰਮਾਂ

**ਜ਼ਿਲ੍ਹਾ :-** **ਸਿੱਖਿਆ ਬਲਾਕ :** **ਸੀ.ਡੀ. ਬਲਾਕ :-**

| ਲੜੀ ਨੰ | ਸਕੂਲੋਂ ਬਾਹਰ/ ਸਕੂਲ ਨਾਂ ਜਾਂਦੇ ਬੱਚੇ ਦਾ ਨਾਮ | ਪਿਤਾ ਦਾ ਨਾਮ | ਮਾਤਾ ਦਾ ਨਾਮ | ਬੱਚੇ ਦਾ ਅਧਾਰ ਕਾਰਡ ਨੰ: | ਕੀ ਬੱਚਾ ਪਿੰਡ ਦਾ ਪੱਕਾ ਵਸਨੀਕ ਹੈ ਜਾਂ ਮਾਈਗ੍ਰੇਟ ਹੋ ਕੇ ਆਇਆ ਹੈ। | | ਬੱਚੇ ਦੀ ਜਨਮ ਮਿਤੀ | ਸ੍ਰੇਣੀ (✓ ਜਾਂ × ਕਰੋ) | | | | | ਸਕੂਲੋਂ ਵਿਰਵੇ ਬੱਚੇ ਦਾ ਸਟੇਟਸ (✓ ਜਾਂ × ਕਰੋ) | | CWSN | | | | ਮੁਸਕਲ ਹਲਾਤਾਂ ਵਾਲੇ ਬੱਚੇ | | | | | | | | |
|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|
| | | | | | ਪੱਕਾ ਵਸਨੀਕ(✓ ਜਾਂ × ਕਰੋ) | ਜੇ ਮਾਈਗ੍ਰੇਟ ਹੈ ਤਾਂ ਕਿਸ ਰਾਜ/ ਜ਼ਿਲ੍ਹੇ ਵਿੱਚੋਂ ਹੈ (ਪੂਰਾ ਪਤਾ ਦੱਸਿਆ ਜਾਵੇ) | | ਜਨਰਲ | ਐਸ.ਟੀ. | ਐਸ.ਸੀ. | ਮੁਸਲਿਮ | ਕੋਈ ਹੋਰ | ਕਦੇ ਵੀ ਦਾਖਲ ਨਹੀਂ ਹੋਇਆ | ਕੀ ਡਰਾਪ ਆਊਟ ਹੈ ਜੇ ਹੈ ਤਾਂ ਕਿਸ ਜਮਾਤ ਵਿੱਚੋਂ | Ortho | Mental | Deaf and Dumb | Blind | ਭਿਖਾਰੀ | ਟੈਂਟ ਹਾਊਸ | ਸੱਲਮ ਏਰੀਆ | ਉਸਾਰੀ ਦੇ ਕੰਮ 'ਚ | ਰੇਲਵੇ ਸਟੇਸ਼ਨਾਂ ਤੇ ਰਹਿੰਦੇ | ਭੱਠਿਆਂ ਤੇ ਰਹਿੰਦੇ | ਅਨਾਥ | ਢਾਬਿਆਂ ਤੇ ਕੰਮ ਕਰਦੇ | ਸਪੈਸ਼ਲ ਹੋਮਜ਼ ਵਿੱਚ ਰਹਿੰਦੇ |
| 1. | | | | | | | | | | | | | | | | | | | | | | | | | | | |

# ਘਰੋਂ ਘਰੀ ਸਿੱਖਿਆ ਸਰਵੇਖਣ ਦੀ ਸੈਪਲ ਚੈਕਿੰਗ ਰਿਪੋਰਟ

ਜ਼ਿਲ੍ਹਾ :-　　　　ਸਿੱਖਿਆ ਬਲਾਕ :　　　　ਸੀ.ਡੀ. ਬਲਾਕ :-

| ਲੜੀ ਨੰ | ਸਕੂਲੋਂ ਬਾਹਰ/ ਸਕੂਲ ਨਾਂ ਜਾਂਦੇ ਬੱਚੇ ਦਾ ਨਾਮ | ਪਿਤਾ ਦਾ ਨਾਮ | ਮਾਤਾ ਦਾ ਨਾਮ | ਬੱਚੇ ਦਾ ਅਧਾਰ ਕਾਰਡ ਨੰ: | ਕੀ ਬੱਚਾ ਪਿੰਡ ਦਾ ਪੱਕਾ ਵਸਨੀਕ ਹੈ ਜਾਂ ਮਾਈਗ੍ਰੇਟ ਹੋ ਕੇ ਆਇਆ ਹੈ। | | ਮੌਜੂਦਾ ਪਤਾ | ਸਥਾਈ ਪਤਾ | ਲਿੰਗ (ਐਮ.ਐਫ) | ਜਨਮ ਮਿਤੀ/ਉਮਰ | ਸਬੰਧਤ ਸੀ.ਐਚ.ਟੀ. ਅਧਿਆਪਕ ਦਾ ਨਾਂ ਜਿਸ ਵੱਲੋਂ ਸੈਂਪਲ ਚੈਕਿੰਗ ਕੀਤੀ ਗਈ ਹੈ। | ਸਬੰਧੰਤ ਸੀ.ਐਚ.ਟੀ. ਅਧਿਆਪਕ ਦੇ ਸਕੂਲ ਦਾ ਨਾਂ | ਸੈਂਪਲ ਚੈਕਿੰਗ ਕਰਨ ਦੀ ਮਿਤੀ | ਸ੍ਰੇਣੀ (✓ ਜਾਂ × ਕਰੋ) | | | | | ਸਬੰਧੰਤ ਬੀ.ਪੀ.ਈ.ਓ. ਦਾ ਨਾਂ | ਵਿਸ਼ੇਸ਼ ਕਥਨ |
|---|---|---|---|---|---|---|---|---|---|---|---|---|---|---|---|---|---|---|---|---|
| | | | | | ਪੱਕਾ ਵਸਨੀਕ(✓ ਜਾਂ × ਕਰੋ) | ਜੇ ਮਾਈਗ੍ਰੇਟ ਹੈ ਤਾਂ ਕਿਸ ਰਾਜ/ ਜ਼ਿਲ੍ਹੇ ਤੋਂ ਹੈ (ਪੂਰਾ ਪਤਾ ਦੱਸਿਆ ਜਾਵੇ) | | | | | | | | ਜਨਰਲ | ਐਸ.ਟੀ. | ਐਸ.ਸੀ. | ਮੁਸਲਿਮ | ਕੋਈ ਹੋਰ | | |
| 1. | | | | | | | | | | | | | | | | | | | | |

# ਬੱਚਿਆਂ ਨੂੰ ਸੂਚੀ ਬੱਧ ਕਰਨ ਦਾ ਰਜਿਸਟਡ

ਜ਼ਿਲ੍ਹਾ :-　　　　ਸਿੱਖਿਆ ਬਲਾਕ :　　　　ਸੀ.ਡੀ. ਬਲਾਕ :-

| ਲੜੀ ਨੰ | ਪਿੰਡ ਦਾ ਨਾਮ | ਅਬਾਦੀ | ਬੱਚੇ ਦਾ ਨਾਮ | ਪਿਤਾ ਦਾ ਨਾਮ | ਮਾਤਾ ਦਾ ਨਾਮ | ਬੱਚੇ ਦਾ ਅਧਾਰ ਕਾਰਡ ਨੰ: | ਸ੍ਰੈਣੀ (✓ ਜਾਂ × ਕਰੋ) | | | | | ਸਕੂਲ ਦਾ ਨਾਮ ਜਿਥੇ ਬੱਚਾ ਦਾਖਲ ਹੋਇਆ ਹੈ/ ਪੜ੍ਹਦਾ ਹੈ। | ਸਕੂਲ ਦਾ ਦਾਖਲਾ ਨੰਬਰ | ਸਕੂਲ ਵਿੱਚ ਦਾਖਲ ਹੋਣ ਦੀ ਮਿਤੀ | ਵਿਸ਼ੇਸ਼ ਕਥਨ | ਐਨਲਿਸਟ ਸਰਵੇ ਕਰਨ ਵਾਲੇ ਵਲੰਟੀਅਰ ਦੇ ਪੂਰੇ ਹਸਤਾਖਰ |
|---|---|---|---|---|---|---|---|---|---|---|---|---|---|---|---|---|
| | | | | | | | ਜਨਰਲ | ਐਸ.ਟੀ. | ਐਸ.ਸੀ. | ਮੁਸਲਿਮ | ਕੋਈ ਹੋਰ | | | | | |
| 1. | | | | | | | | | | | | | | | | |

**District Name :** **Time:** **Venue :**

**DEO (EE) Name :** **Contact Number :**

| Sr. No. | Name of BPEO | Contact No. of BPEO | No. of Volunteers under BPEO | No. of Out of School Children Identify with Registration Number of School | Admited in School | | | | | | | | | | Sign of BPEO | Remarks |
|---|---|---|---|---|---|---|---|---|---|---|---|---|---|---|---|---|
| | | | | | Primary | 6 | 7 | 8 | 9 | 10 | 11 | 12 | 13 | 14 | | |
| 1 | | | | | | | | | | | | | | | | |
| 2 | | | | | | | | | | | | | | | | |
| 3 | | | | | | | | | | | | | | | | |
| 4 | | | | | | | | | | | | | | | | |
| 5 | | | | | | | | | | | | | | | | |
| 6 | | | | | | | | | | | | | | | | |
| 7 | | | | | | | | | | | | | | | | |
| 8 | | | | | | | | | | | | | | | | |
| 9 | | | | | | | | | | | | | | | | |
| 10 | | | | | | | | | | | | | | | | |
| 11 | | | | | | | | | | | | | | | | |
| 12 | | | | | | | | | | | | | | | | |
| 13 | | | | | | | | | | | | | | | | |

## ਸਰਟੀਫਿਕੇਟ ਦਾ ਨਮੂਨਾ

ਮੈਂ ---------------------- ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ.), ਜ਼ਿਲ੍ਹਾ ---------------------- ਇਹ ਤਸਦੀਕ ਕਰਦਾ ਹਾਂ ਕਿ ਮੇਰੇ ਜ਼ਿਲ੍ਹੇ ਦੇ ਬਲਾਕਾਂ ਦੀ ਕੁੱਲ ਗਿਣਤੀ ---------------------- ਹੈ, ਜਿਸ ਵਿੱਚ ----------------- ਵਲੰਟੀਅਰ ਕੰਮ ਕਰ ਰਹੇ ਹਨ। ਉਹਨਾਂ ਵੱਲੋਂ ਆਪਣੇ ਆਪਣੇ ਬਲਾਕਾਂ ਵਿੱਚ 6 ਤੋਂ 14 ਸਾਲਾਂ ਵਾਲੇ ਸਕੂਲੋਂ ਵੇਰਵੇ ਬੱਚਿਆਂ ਦੇ ਸਰਵੇਖਣ ਉਪਰੰਤ ਕੁੱਲ ----------- ਬੱਚਿਆਂ ਦੀ ਸ਼ਨਾਖਤ ਕਰਕੇ e-punjab ਤੇ upload ਕਰ ਦਿੱਤੇ ਗਏ ਹਨ। ਜੇਕਰ ਇਸ ਵਿੱਚ ਕੋਈ ਵੀ ਗਲਤੀ ਪਾਈ ਜਾਂਦੀ ਹੈ ਤਾਂ ਇਸ ਦੀ ਨਿਰੋਲ ਜ਼ਿੰਮੇਵਾਰੀ ਮੇਰੀ ਹੋਵੇਗੀ।

**ਹਸਤਾਖਰ/ ਸਟੈਂਪ**

**ਫੋਨ ਨੰ:**

**ਈ-ਮੇਲ :-**